# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ

੧੮ ਅਕਤੂਬਰ ੨੦੨੫

## ਗੁਰੂ ਤੇਗ ਬਹਾਦਰ ਜੀ ਦੇ ੩੫੦ ਸਾਲਾ ਸ਼ਹੀਦੀ ਦਿਹਾੜੇ 'ਤੇ ਸਿੱਖਾਂ ਨੂੰ ਸਿਧਾਂਤਕ ਪਹਿਰੇਦਾਰੀ ਕਰਨ ਲਈ ਹਲੂਣਾ

ਪਿਆਰੀ ਸਿੱਖ ਸੰਗਤ ਜੀ,

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਹੱਕਾਂ ਦੀ ਰੱਖਿਆ ਲਈ ਜੀਵੰਤ ਵਿਰਾਸਤ ਹੈ ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਇਹ ਸ਼ਹਾਦਤ ਸਾਨੂੰ ਗੁਰੂ ਤੇਗ ਬਹਾਦਰ ਜੀ ਦੀ ਸਦਾ ਜਾਗਦੀ ਸੁਰਤ ਵੱਲ ਵੀ ਪ੍ਰੇਰਦੀ ਹੈ। ਜਿਵੇਂ ਹਵਾਈ ਜਹਾਜ਼ ਵਿੱਚ ਸੰਕਟ ਦੀ ਹਾਲਤ ਵਿੱਚ ਕਿਸੇ ਦੂਜੇ ਦੀ ਮਦਦ ਕਰਨ ਤੋਂ ਪਹਿਲਾਂ ਆਪਣਾ ਅਕਾਸੀਜਨ ਮਾਸਕ ਪਹਿਨਣ ਦੀ ਹਿਦਾਇਤ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਕਿਸੇ ਦੂਜੇ ਦੇ ਹੱਕਾਂ ਲਈ ਉਹ ਹੀ ਲੜ ਸਕਦਾ ਹੈ, ਜਿਸ ਨੇ ਆਪਣੇ ਘਰ (ਸਿਧਾਂਤ) ਲਈ ਮਜ਼ਬੂਤੀ ਨਾਲ ਪਹਿਰਾ ਦਿੱਤਾ ਹੋਵੇ।

**ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥**
**ਸਾਬਤੁ ਵਸਤੁ ਓਹੁ ਅਪਨੀ ਲਹੈ॥ *(ਪੰਨਾ ੧੮੨)***

ਅੱਜ ਸਿੱਖ ਦਾ ਆਪਣਾ ਸਿਧਾਂਤ ਰੂਪੀ ਘਰ ਲੁਟਿਆ ਜਾ ਰਿਹਾ ਹੈ ਪਰ ਉਹ ਅਵੇਸਲਾ ਨਜ਼ਰ ਆ ਰਿਹਾ ਹੈ। ਐਸੇ ਹਾਲਾਤਾਂ ਵਿੱਚ ਸਿੱਖਾਂ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਮਨਾਉਣਾ ਕੇਵਲ ਰਸਮੀ ਬਣ ਕੇ ਨਹੀਂ ਰਹਿਣਾ ਚਾਹੀਦਾ। ਸਰਬੱਤ ਖ਼ਾਲਸਾ ਜਥੇਬੰਦੀ ੩੫੦ ਸਾਲਾ ਸ਼ਹਾਦਤ ਦੇ ਮੌਕੇ ਸਿੱਖੀ ਦੇ ਘਰ ਉਤੇ ਅਨਮੱਤੀ ਸਾਹਿਤ, ਕਰਮਕਾਂਡ ਅਤੇ ਨਿਰੰਤਰ ਪ੍ਰਾਪੇਗੰਡਾਂ ਰਾਹੀਂ ਹੋ ਰਹੇ ਹਮਲਿਆਂ ਦਾ ਹਰ ਸਿੱਖ ਨੂੰ ਨਿਰੀਖਣ ਕਰਕੇ ਜਾਗਣ ਦਾ ਹਲੂਣਾ ਦਿੰਦੀ ਹੈ।

ਸਿੱਖੀ ਸਿਧਾਂਤ ਨੂੰ ਖੋਰਾ ਲਗਾਉਣ ਵਾਸਤੇ ਪਿਛਲੇ ਕੁੱਝ ਸਮੇਂ ਵਿੱਚ ਵੱਖ-ਵੱਖ ਢੰਗ ਨਾਲ ਹੋਏ ਬਾਹਰੀ ਅਤੇ ਅੰਦਰੂਨੀ ਹਮਲਿਆਂ ਦੀਆਂ ਕੁੱਝ ਉਦਾਹਰਨਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

1) ਨਵੰਬਰ ੨੦੧੯ ਵਿੱਚ ਰਾਮ ਜਨਮ ਭੂਮੀ-ਬਾਬਰੀ ਮਸਜਿਦ ਜ਼ਮੀਨ ਵਿਵਾਦ 'ਤੇ **ਸੁਪਰੀਮ ਕੋਰਟ** ਨੇ ਆਪਣੇ ਫੈਸਲੇ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਅਯੁੱਧਿਆ ਵਿਖੇ ਰਾਮ ਜਨਮ ਭੂਮੀ ਮੰਦਰ ਦੇ "ਦਰਸ਼ਨ" ਲਈ ਦੌਰੇ ਦਾ **ਗਲਤ ਹਵਾਲਾ** ਦਿੱਤਾ ਹੈ। ਹਿੰਦੁਤਵੀ ਮੀਡੀਆ ਨੇ ਇਸ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਆ, ਜਿਸ ਨਾਲ ਇਹ ਗਲਤ ਸੁਨੇਹਾ ਗਿਆ ਕਿ ਗੁਰੂ ਸਾਹਿਬ ਆਪਣਾ ਇਸ਼ਟ ਸ੍ਰੀ ਰਾਮ ਚੰਦਰ ਨੂੰ ਮੰਨਦੇ ਹਨ, ਜਦੋਂ ਕਿ ਗੁਰੂ ਨਾਨਕ ਸਾਹਿਬ ਵੇਲੇ ਰਾਮ ਮੰਦਰ ਦੀ ਹੋਂਦ ਦਾ ਕੋਈ ਸਬੂਤ ਨਹੀਂ ਹੈ। ਗੁਰੂ ਸਾਹਿਬ, ਹਰ ਧਰਮ ਦੇ ਧਾਰਮਿਕ ਅਸਥਾਨਾਂ ਦੇ ਨਾਲ-ਨਾਲ, ਅਨੇਕਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਸੱਚ ਦਾ ਉਪਦੇਸ਼ ਦੇਣ ਗਏ ਸਨ, ਜਿਹਨਾਂ ਵਿੱਚੋਂ ਅਯੁੱਧਿਆ ਵੀ ਇੱਕ ਸੀ।

2) ਸਿੱਖੀ ਨੂੰ **ਬ੍ਰਾਹਮਣਵਾਦੀ ਰੰਗਤ ਦੇਣ ਲਈ ਸਰਕਾਰੀ ਤੰਤਰ ਦੀ ਮਦਦ ਨਾਲ ਵੱਡੇ ਪੱਧਰ ਤੇ ਸਾਹਿਤ ਲਿਖਿਆ ਜਾ ਰਿਹਾ ਹੈ**। ਜਿਵੇਂ ਜੁਲਾਈ ੨੦੨੧ ਵਿੱਚ ਵਕੀਲ ਕੇ.ਟੀ.ਐਸ. ਤੁਲਸੀ ਦੀ ਮਾਤਾ ਬਲਜੀਤ ਕੌਰ ਤੁਲਸੀ ਨੇ 'ਦਿ ਰਾਮਾਇਣ ਆਫ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ' ਨਾਮ ਦੀ ਕਿਤਾਬ ਲਿਖੀ। ਇਸ ਦੀ ਪਹਿਲੀ ਕਾਪੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪ ਪ੍ਰਾਪਤ ਕੀਤੀ ਅਤੇ ਇਸ ਦੀ ਅਖਬਾਰਾਂ ਤੇ ਮੀਡਿਆ ਵਿੱਚ ਖੂਬ ਚਰਚਾ ਹੋਈ। ਇਸੇ ਤਰ੍ਹਾਂ ਅਗਸਤ ੨੦੨੫ ਵਿੱਚ ਗੁਰਦੁਆਰਾ ਸਾਕੇਤ, ਨਵੀਂ ਦਿੱਲੀ ਦੇ ਪ੍ਰਬੰਧਕ ਚਰਨਜੀਤ ਸਿੰਘ ਸ਼ਾਹ ਵੱਲੋਂ 'ਮਾਈ ਕ੍ਰਿਸ਼ਨਾ' ਨਾਮ ਦੀ ਕਿਤਾਬ ਲਿਖੀ ਗਈ, ਜਿਸ ਵਿੱਚ ਗੁਰਬਾਣੀ ਦੇ ਗਲਤ ਅਰਥਾਂ ਨਾਲ ਕ੍ਰਿਸ਼ਨ ਨੂੰ ਸਿੱਖਾਂ ਦਾ 'ਹੀਰੋ' ਸਾਬਤ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਗਈ, ਜਦੋਂ ਕਿ ਗੁਰਬਾਣੀ ਰੱਬ ਦੇ **'ਅਜੂਨੀ'** ਹੋਣ 'ਤੇ ਬੜਾ ਜ਼ੋਰ ਦਿੰਦੀ ਹੈ। ਜਿਹੜੇ ਲੋਕ ਰੱਬ ਨੂੰ ਅਵਤਾਰ ਧਾਰ ਕੇ ਜੂਨਾਂ ਵਿੱਚ ਆਉਣ ਵਾਲਾ ਦੱਸਦੇ ਹਨ, ਉਹਨਾਂ ਨੂੰ ਸਖ਼ਤ ਤਾੜਨਾ ਕੀਤੀ ਹੈ:
**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ *(ਪੰਨਾ ੧੧੩੬)***

3) ਸਾਲ ੨੦੦੩ ਵਿਚ **ਨਾਨਕਸ਼ਾਹੀ ਕੈਲੰਡਰ ਲਾਗੂ ਹੋਇਆ**, ਜੋ ਗੁਰਬਾਣੀ ਵਿਚ ਦਰਜ ਬਾਰਹਮਾਹਾ ਅਤੇ ਰੁਤੀ ਸਲੋਕ ਦੇ ਆਧਾਰ 'ਤੇ ਹੈ। **ਆਰ.ਐਸ.ਐਸ.** ਮੁਖੀ ਕੇ.ਐਸ. ਸੁਦਰਸ਼ਨ **ਨੇ ਸਿੱਖਾਂ ਨੂੰ ਆਪਣਾ ਕੈਲੰਡਰ ਲਾਗੂ ਕਰਨ ਦੇ ਵਿਰੋਧ ਵਿੱਚ ਧਮਕੀ ਦਿੱਤੀ** ਕਿਉਂਕਿ ਇਹ ਕੈਲੰਡਰ ਵੱਖਰੀ ਸਿੱਖ ਪਛਾਣ ਨੂੰ ਸਥਾਪਤ ਕਰਦਾ ਹੈ। ਅਖੌਤੀ ਸੰਤ ਸਮਾਜ ਨਾਲ ਸਮਝੌਤੇ ਅਧੀਨ ਅਕਾਲੀ ਦਲ ਬਾਦਲ ਦੇ ਇਸ਼ਾਰੇ 'ਤੇ ਅਵਤਾਰ ਸਿੰਘ ਮੱਕੜ ਅਤੇ ਹਰਨਾਮ ਸਿੰਘ ਧੁੰਮਾ ਦੀ ਦੋ ਮੈਂਬਰੀ ਕਮੇਟੀ ਬਣੀ, ਜਿਸ ਦੀ 'ਰਿਪੋਰਟ' ਅਨੁਸਾਰ ਸ਼੍ਰੋਮਣੀ ਕਮੇਟੀ ਨੇ ੨੦੧੦ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾ ਕੇ ਹਿੰਦੁਤਵੀ ਬਿਕਰਮੀ ਕੈਲੰਡਰ ਨੂੰ ਮੁੜ ਲਾਗੂ ਕਰ ਦਿੱਤਾ। ਇਸ ਦੋ ਮੈਂਬਰੀ ਕਮੇਟੀ ਦੀ ਰਿਪੋਰਟ ਕਦੇ ਜਨਤਕ ਨਹੀਂ ਹੋਈ। ਇਸ ਸਭ ਲਈ ਮਾਹੌਲ ਤਿਆਰ ਕਰਨ ਵਾਸਤੇ ਬ੍ਰਾਹਮਣਵਾਦ ਦਾ ਖੁੱਲ੍ਹ ਕੇ ਵਿਰੋਧ ਕਰਨ ਵਾਲੇ ਪ੍ਰਚਾਰਕਾਂ ਨੂੰ ਇੱਕ-ਇੱਕ ਕਰਕੇ ਪ੍ਰਮੁੱਖ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਹਟਾ ਦਿੱਤਾ ਗਿਆ ਅਤੇ ਹੁਣ ਬ੍ਰਾਹਮਣੀ ਰੰਗਤ ਦੇਣ ਵਾਲੇ ਪ੍ਰਚਾਰਕ ਹੀ ਇਹਨਾਂ ਸਟੇਜਾਂ 'ਤੇ ਅਤੇ ਟੀਵੀ 'ਤੇ ਕਥਾ ਕਰਦੇ ਦੇਖੇ ਜਾਂਦੇ ਹਨ।

4) ਸਿੱਖਾਂ ਦੀਆਂ **ਸਿਰਮੌਰ ਸੰਸਥਾਵਾਂ ਵਿੱਚ ਘੁਸਪੈਠ** ਸਿਰ ਚੜ੍ਹ ਕੇ ਬੋਲ ਰਹੀ ਹੈ। ੧੯੯੯ ਵਿੱਚ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਵੱਲੋਂ ਹਿੰਦੀ ਕਿਤਾਬ 'ਸਿੱਖ ਇਤਿਹਾਸ' ਪ੍ਰਕਾਸ਼ਿਤ ਕੀਤੀ ਗਈ, ਜਿਸ ਨੂੰ ਸੰਗਤ ਦੇ ਰੋਸ ਨੂੰ ਦੇਖਦੇ ਹੋਏ ੨੦੦੭ ਵਿੱਚ ਵਾਪਸ ਲੈ ਲਿਆ ਗਿਆ ਸੀ। ਇਸ ਕਿਤਾਬ ਵਿੱਚ ਗੁਰੂਆਂ ਬਾਰੇ ਬਹੁਤ ਹੀ ਮੰਦੀ ਭਾਸ਼ਾ ਲਿਖੀ ਗਈ ਸੀ। ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਨਾ ਤਾਂ ਸਪੱਸ਼ਟ ਕੀਤਾ ਕਿ ਇਹ ਕਿਤਾਬ ਕਿਸ ਦੇ ਕਹਿਣ ਉੱਤੇ ਲਿਖੀ ਗਈ ਸੀ ਤੇ ਨਾ ਹੀ ਕਿਸੇ ਮੁਲਾਜ਼ਮ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ। ਇਸੇ ਤਰ੍ਹਾਂ ਸਾਲ ੨੦੨੫ ਵਿੱਚ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਪੰਜਵੀਂ ਜਮਾਤ ਲਈ ਪੰਜਾਬੀ ਵਿੱਚ 'ਅਦਵੈ' ਨਾਮ ਦੀ ਕਿਤਾਬ ਪ੍ਰਕਾਸ਼ਤ ਕੀਤੀ ਗਈ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਮਹਾਂਕਾਲ ਦਾ ਉਪਾਸ਼ਕ ਅਤੇ ਪਾਂਡਵਾਂ ਦਾ ਵੰਸ਼ਜ ਦੱਸਿਆ ਗਿਆ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਬਾਹਰੀ ਬ੍ਰਾਹਮਣੀ ਤਾਕਤਾਂ ਇਹਨਾਂ ਕਿਤਾਬਾਂ ਦੀ ਸਕ੍ਰਿਪਟ ਲਿੱਖ ਕੇ ਦਿੰਦੀਆਂ ਹਨ, ਜਿਸ ਨੂੰ ਪ੍ਰਬੰਧਕਾਂ ਨੂੰ ਕੁਰਸੀ 'ਤੇ ਕਾਬਜ਼ ਰਹਿਣ ਦੀ ਕੀਮਤ ਵੱਜੋਂ ਇੰਨ-ਬਿੰਨ ਲਾਗੂ ਕਰਨਾ ਪੈਂਦਾ ਹੈ।

5) **ਸਰਕਾਰੀ ਵਿਦਿਅਕ ਅਦਾਰਿਆਂ ਰਾਹੀਂ ਵੀ ਸਿੱਖੀ ਨੂੰ ਬ੍ਰਾਹਮਣੀ ਰੰਗਤ** ਦੇਣ ਦਾ ਯੋਜਨਾਬੱਧ ਤਰੀਕੇ ਨਾਲ ਪ੍ਰਜੈਕਟ ਚਲ ਰਿਹਾ ਹੈ। ਸਾਲ ੨੦੧੬ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਮਹਾਨ ਕੋਸ਼ ਛਾਪਿਆ ਗਿਆ, ਜਿਸ ਵਿੱਚ ੩੦੦੦੦ ਤੋਂ ਵੱਧ ਗਲਤੀਆਂ ਸਨ। ਭਾਵੇਂ ਇਸ ਨੂੰ ਵਾਪਸ ਲੈ ਲਿਆ ਗਿਆ ਪਰ ਗਲਤੀਆਂ ਦੇ ਜ਼ਿੰਮੇਵਾਰ ਵਿਅਕਤੀਆਂ ਉੱਤੇ ਨਾ ਕੋਈ ਕਾਰਵਾਈ ਹੋਈ ਅਤੇ ਨਾ ਹੀ ਨਾਮ ਜਨਤਕ ਕੀਤੇ ਗਏ। ਜੁਲਾਈ ੨੦੨੫ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਉਪ-ਕੁਲਪਤੀ ਡਾ: ਕਰਮਜੀਤ ਸਿੰਘ ਵੱਲੋਂ ਰਾਸ਼ਟਰੀ ਸਵਯੰਸੇਵਕ ਸੰਘ (RSS) ਦੇ ਮੁਖੀ ਕੋਲ ਨਮਨ ਕਰ ਕੇ ਉਸ ਨੂੰ ਸਿੱਖੀ ਦਾ ਬ੍ਰਾਹਮਣੀਕਰਨ ਕਰਨ ਬਾਰੇ ਭਰੋਸਾ ਦਿਵਾਉਣ ਦੀ ਵਿਡੀਉ ਨੇ ਬਹੁਤ ਕੁੱਝ ਸਪੱਸ਼ਟ ਕਰ ਦਿੱਤਾ ਹੈ। 'ਖੋਜ ਪੱਤਰ' ਦੇ ਨਾਂ ਹੇਠ ਐਸੇ ਰਸਾਲੇ ਛਾਪੇ ਜਾਂਦੇ ਹਨ ਜੋ 'ਜੱਟ ਬਨਾਲ ਦਲਿਤ' ਦੇ ਨਾਂ ਤੇ ਟਕਰਾਵ ਦੇ ਬਿਰਤਾਂਤ ਨੂੰ ਸਿਰਜ ਕੇ ਪੰਜਾਬ ਵਿੱਚ ਲੋਕ-ਮਾਰੂ ਡੇਰਿਆਂ ਦੇ ਉਭਾਰ ਨੂੰ ਜਾਇਜ਼ ਠਹਿਰਾਉਂਦੇ ਹਨ। ਇਸ ਨਾਲ ਇੱਕ ਤਾਂ ਪਿਛੜੇ ਵਰਗ ਨੂੰ ਸਿੱਖੀ ਤੋਂ ਦੂਰ ਕੀਤਾ ਜਾਂਦਾ ਹੈ, ਦੂਜਾ, ਉਹਨਾ ਨੂੰ ਡੇਰਿਆਂ ਵੱਲ ਧਕੇਲ ਕੇ ਵੋਟ ਬੈਂਕ ਵਿੱਚ ਤਬਦੀਲ ਕੀਤਾ ਜਾਂਦਾ ਹੈ।

6) ਪੰਜਾਬ ਵਿੱਚ ਹਰ ਤਰ੍ਹਾਂ ਦੇ **ਡੇਰਿਆਂ ਨੂੰ ਸਥਾਪਤ ਕੀਤਾ ਜਾ ਰਿਹਾ ਹੈ** ਅਤੇ ਡੇਰਿਆਂ ਵਿੱਚ ਹੁੰਦੇ ਮੰਦ- ਕਾਰਿਆਂ (ਭੂ-ਮਾਫੀਆ, ਬਲਾਤਕਾਰ, ਅੰਧ-ਵਿਸ਼ਵਾਸ, ਘਟੀਆ ਰਾਸ਼ਨ ਜਾਂ ਨਕਲੀ ਦਵਾਈਆਂ ਦੀ ਵਿਕਰੀ ਆਦਿ) ਤੋਂ ਉਹਨਾਂ ਨੂੰ ਸਜ਼ਾ-ਰਹਿਤ ਪ੍ਰਣਾਲੀ ਮਿਲੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁੱਖ ਦੋਸ਼ੀ ਸਾਧ ਰਾਮ ਰਹੀਮ ਨੂੰ ਵਾਰ-ਵਾਰ ਮਹੀਨਿਆਂ ਦੀ ਪੈਰੋਲ 'ਤੇ ਰਿਹਾਅ ਕਰਨਾ ਸਿੱਖਾਂ ਦਾ ਮੂੰਹ ਚਿੜਾਉਣਾ ਹੈ। ਅਕਤੂਬਰ ੨੦੨੧ ਵਿੱਚ ਜ਼ਿਲ੍ਹਾ ਸੈਸ਼ਨ ਜੱਜ ਵੱਲੋਂ ਕੀਤੀ ਜਾਂਚ ਵਿੱਚ ਪਾਇਆ ਗਿਆ ਕਿ ਜਲੰਧਰ ਜ਼ਿਲ੍ਹੇ ਦੇ ਨੂਰਮਹਿਲ ਬਲਾਕ ਵਿੱਚ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਡੇਰੇ ਅਧੀਨ ੨੦੧੩ ਦਿਵਿਆਗ੍ਰਾਮ ਪੰਚਾਇਤ ਬਣਾਈ ਗਈ, ਜੋ ਫਰਜ਼ੀ ਅਤੇ ਸਿਰਫ਼ ਕਾਗਜ਼ਾਂ ਵਿੱਚ ਸੀ। ਫਰਜ਼ੀ ਗ੍ਰਾਮ ਪੰਚਾਇਤ ਨੂੰ 14ਵੇਂ ਵਿੱਤ ਕਮਿਸ਼ਨ, ਲੋਕਲ ਏਰੀਆ ਡਿਵੈਲਪਮੈਂਟ ਫੰਡ ਅਤੇ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਪਲਾਇਮੈਂਟ ਗਾਰੰਟੀ ਐਕਟ (ਮਨਰੇਗਾ) ਦੁਆਰਾ ਸਰਕਾਰੀ ਫੰਡ ਮਿਲੇ। ਇਸੇ ਤਰ੍ਹਾਂ ਪੰਜਾਬ ਵਿੱਚ ਈਸਾਈਆਂ ਦੇ ਨਵ-ਮਿਸ਼ਨਰੀਆਂ ਦੀਆਂ ਸਰਗਰਮੀਆਂ ਵਿੱਚ ਕਾਫੀ ਵਾਧਾ ਹੋਇਆ ਹੈ, ਜੋ ਡੇਰਾ ਮਾਡਲ 'ਤੇ ਕੰਮ ਕਰ ਰਹੇ ਹਨ। ਇਹਨਾਂ ਵੱਲੋਂ ਗਰੀਬਾਂ ਨੂੰ ਪੈਸੇ ਦਾ ਲਾਲਚ ਅਤੇ ਸਟੇਜ ਉੱਤੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨੂੰ ਠੀਕ ਕਰਨ ਦਾ ਢੌਂਗ ਕੀਤਾ ਜਾਂਦਾ ਹੈ। ਇਥੋਂ ਤੱਕ ਕਿ ਮਰੇ ਹੋਏ ਬੱਚੇ ਨੂੰ ਮੁੜ ਸੁਰਜੀਤ ਕਰਨ ਦਾ ਵੀ ਡਰਾਮਾ ਕੀਤਾ ਗਿਆ ਹੈ। ਜੇਕਰ ਦੇਸ਼ ਵਿੱਚ ਕਾਨੂੰਨ ਦਾ ਰਾਜ ਹੁੰਦਾ ਤਾਂ ਭਾਰਤ ਦੇ ਬਹੁਤੇ ਡੇਰਿਆਂ ਨੂੰ ਤਾਲੇ ਲੱਗ ਜਾਣੇ ਚਾਹੀਦੇ ਸਨ ਅਤੇ ਉਨ੍ਹਾਂ ਨੂੰ ਚਲਾ ਰਹੇ ਅਖੌਤੀ ਸੰਤਾਂ (ਠੱਗਾਂ) ਨੂੰ ਜੇਲ੍ਹ ਵਿੱਚ ਹੋਣਾ ਚਾਹੀਦਾ ਸੀ। ਇਨ੍ਹਾਂ ਦੀ ਹੋਂਦ ਹੀ ਆਪਣੇ-ਆਪ ਵਿੱਚ ਭ੍ਰਿਸ਼ਟ ਨਿਜ਼ਾਮ ਨਾਲ ਸਮਝੌਤੇ ਦੀ ਗਵਾਹੀ ਭਰ ਰਹੀ ਹੈ।

7) **ਡੇਰਾਵਾਦ ਨਿੱਤ ਨਵੇਂ ਕਰਮਕਾਂਡ ਸਿੱਖ ਸਮਾਜ ਵਿੱਚ ਫੈਲਾ ਰਿਹਾ ਹੈ**, ਜਿਸ ਨਾਲ ਸ਼ਬਦ-ਗੁਰੂ ਦੇ ਸੰਕਲਪ ਨੂੰ ਢਾਹ ਲਗ ਰਹੀ ਹੈ। ਸ਼ਬਦ ਦੀ ਵਿਚਾਰ ਕਰਨ ਦੀ ਥਾਂ ਸਿੱਖਾਂ ਦਾ ਕੀਮਤੀ ਸਮਾਂ ਸੰਪਟ ਪਾਠ, ਦੁਖ-ਭੰਜਨੀ ਪਾਠ, ਚੌਪਹਿਰਾ ਪਾਠ ਆਦਿ ਵਿੱਚ ਵਿਅਰਥ ਹੁੰਦਾ ਜਾ ਰਿਹਾ ਹੈ।

**ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ॥ *(ਪੰਨਾ ੬੬)***

ਗੋਲਕ ਵਧਾਉਣ ਲਈ ਪਾਠ ਦੀ ਓਨਲਾਈਨ ਬੁਕਿੰਗ ਹੋ ਰਹੀ ਹੈ, ਜਿਸ ਨੂੰ ਲੋਕ ਅਗਿਆਨਤਾਵੱਸ ਧਰਮ-ਕਰਮ ਸਮਝ ਬੈਠਦੇ ਹਨ। ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੇ ਸਾਰੇ ਹੱਦਾਂ-ਬੰਨ੍ਹੇ ਟਪਾ ਦਿੱਤੇ ਹਨ। ਉਹਨਾਂ ਨੇ ਆਪਣੀ ਵੈਬਸਾਈਟ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਓਨਲਾਈਨ ਬੁਕਿੰਗ ਦੀ ਭੇਟਾ ੯੫੦੦ ਰੁਪਏ ਰੱਖੀ ਹੈ, ਜਦੋਂ ਕਿ ਬਚਿੱਤਰ ਨਾਟਕ ਗ੍ਰੰਥ ਦੇ ਪਾਠ ਦੀ ਭੇਟਾ ੧੩੧੦੦ ਰੁਪਏ ਰੱਖੀ ਹੋਈ ਹੈ। ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਨੂੰ ਛੁਟਿਆਉਣ ਦੀ ਕੋਝੀ ਹਰਕਤ ਹੈ। ਕੁੱਝ ਸੰਪਰਦਾਵਾਂ ਤਾਂ 'ਅਖੰਡ' ਦੇ ਨਾਂ 'ਤੇ ਸ਼ਬਦ ਵਿਚਾਰ ਕਰਨ ਦਾ ਖੁਲੇਆਮ ਵਿਰੋਧ ਕਰਦੀਆਂ ਹਨ, ਹਾਲਾਂਕਿ ਗੁਰਬਾਣੀ ਬਾਰ-ਬਾਰ ਸਮਝਾਉਂਦੀ ਹੈ:

**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ *(ਪੰਨਾ ੫੯੪)***

8) ਸਿੱਖਾਂ ਦੀਆਂ ਕਹੀਆਂ ਜਾਂਦੀਆਂ 'ਮਹਾਨ' **ਸੰਪਰਦਾਵਾਂ ਦੇ ਆਗੂ ਵੀ ਬ੍ਰਾਹਮਣੀ ਤਾਕਤਾਂ ਨਾਲ ਸਮਝੌਤਾ ਕਰਕੇ ਸਿੱਖ ਸਿਧਾਂਤਾਂ ਨੂੰ ਖੋਰਾ ਲਗਾ ਰਹੇ ਹਨ।** ਗੁਰਬਾਣੀ ਤੀਰਥ ਇਸ਼ਨਾਨਾਂ ਦਾ ਖੰਡਨ ਕਰਦੀ ਹੈ ਪਰ ਟਕਸਾਲ ਮੁਖੀ ਹਰਨਾਮ ਸਿੰਘ ਧੁੰਮਾ ਕੁੰਭ ਦੇ ਮੇਲੇ ਦਾ ਖਾਸ ਇਸ਼ਨਾਨ ਕਰਨ ਜਾਂਦਾ ਹੈ ਅਤੇ ਉਸਦੇ ਪੈਰੋਕਾਰ ਬੜੀ ਬੇਸ਼ਰਮੀ ਨਾਲ ਇਸ ਨੂੰ ਜਾਇਜ਼ ਠਹਿਰਾਉਂਦੇ ਹਨ।

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ॥ *(ਪੰਨਾ ੨)***

ਨਿਹੰਗ ਬਾਣੇ ਵਿੱਚ, ਮੱਥੇ ਉੱਤੇ ਟਿੱਕੇ ਅਤੇ ਆਰਤੀਆਂ ਕਰਦਿਆਂ ਦੇ ਵਿਡੀਉ ਆਮ ਹੋ ਗਏ ਹਨ। ਦੇਵੀ ਨੂੰ ਬਲੀ ਦੇਣ ਦੀ ਤਰਜ਼ 'ਤੇ ਬਕਰਾ ਝਟਕਾ ਕੇ ਸ਼ਸਤਰਾਂ ਨੂੰ ਬਲੀ ਦਿੱਤੀ ਜਾ ਰਹੀ ਹੈ, ਭਾਵੇਂ ਗੁਰਬਾਣੀ ਰੱਬ ਦੇ ਨਾਮ 'ਤੇ ਦਿੱਤੀ ਜਾ ਰਹੀ ਅਜਿਹੀ ਬਲੀ ਨੂੰ ਫ਼ੋਕਟ ਕਰਮਕਾਂਡ ਮੰਨਦੀ ਹੈ:

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ *(ਪੰਨਾ ੧੧੦੩)***
ਇਹ ਸਭ ਮਨਮੱਤ ਕਰਨ ਵਾਲੇ ਉਹ ਹੀ ਲੋਕ ਹਨ, ਜੋ ਆਪਣੇ-ਆਪ ਨੂੰ 'ਦਲ ਪੰਥ ਖ਼ਾਲਸਾ' ਹੋਣ ਦਾ ਦਾਅਵਾ ਕਰਦੇ ਹਨ।

9) ਕਰੋੜਾਂ ਰੁਪਏ ਦੇ ਬੱਜਟ ਵਾਲੀਆਂ ਸਿੱਖਾਂ ਦੀਆਂ **ਪ੍ਰਮੁੱਖ ਸੰਸਥਾਵਾਂ ਬੇਲੋੜੇ ਕੰਮਾਂ ਉੱਤੇ ਪੈਸਾ ਬਰਬਾਦ ਕਰ ਰਹੀਆਂ ਹਨ**। ਕੇਂਦਰੀ ਅਸਥਾਨ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਸੰਸਾਰ ਭਰ ਵਿੱਚ ਸਾਦਗੀ ਅਤੇ ਵਾਤਾਵਰਣ ਸਾਫ਼ ਰੱਖਣ ਦਾ ਸੰਦੇਸ਼ ਜਾਣਾ ਚਾਹੀਦਾ ਹੈ। ਗੁਰੂ ਦੀ ਗੋਲਕ ਦੀ ਵਰਤੋਂ ਗੁਰਬਾਣੀ ਦੇ ਸੱਚੇ ਸੰਦੇਸ਼ ਨੂੰ ਪਹੁੰਚਾਉਣ ਲਈ ਕੀਤੀ ਜਾਣੀ ਚਾਹੀਦੀ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਪੁਰਬ ਅਤੇ ਦਿਵਾਲੀ ਦੇ ਮੌਕੇ 'ਤੇ ਅਮੀਰੀ ਦਾ ਦਿਖਾਵਾ ਕਰਦੇ ਪ੍ਰਦੂਸ਼ਣ ਫੈਲਾਉਣ ਵਾਲੇ ਅਤੇ ਹਾਨੀਕਾਰਕ ਪਟਾਖੇ ਚਲਾਏ ਜਾਂਦੇ ਹਨ। ਗੁਰਪੁਰਬਾਂ ਸਮੇਂ ਫੁੱਲਾਂ 'ਤੇ ਕਰੋੜਾਂ ਰੁਪਏ ਬਰਬਾਦ ਕੀਤੇ ਜਾਂਦੇ ਹਨ, ਜੋ ਸਿੱਖ ਕੌਮ ਦੀ ਸੱਚੀ-ਸੁੱਚੀ ਕਿਰਤ ਦੀ ਕਮਾਈ ਨੂੰ ਬੇਦਰਦੀ ਨਾਲ ਉਜਾੜਨਾ ਅਤੇ ਗੁਰਮਤਿ ਸਿਧਾਂਤ ਦੀਆਂ ਧੱਜੀਆਂ ਉਡਾਉਣਾ ਹੈ।
**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥ *(ਪੰਨਾ ੬੯੪)***

10) **ਬਾਦਲ-ਨਿਯੁਕਤ ਜਥੇਦਾਰ**, ਜੋ ਕੇਵਲ ਵਿਚਾਰਾਂ ਦੇ ਮੱਤਭੇਦ ਰੱਖਣ ਵਾਲੇ ਵਿਦਵਾਨਾਂ ਨੂੰ ਛੇਕਣ ਵਿੱਚ ਢਿੱਲ ਨਹੀਂ ਲਾਉਂਦੇ ਪਰ ਸਿੱਖਾਂ ਦਾ **ਬ੍ਰਾਹਮਣੀਕਰਨ ਕਰਨ ਦੇ ਕੁਫ਼ਰ 'ਤੇ ਅੱਖਾਂ ਮੀਚ ਲੈਂਦੇ ਹਨ**। ਹਰਿਆਣਾ ਵਿੱਚ ਸਤੰਬਰ ੨੦੨੫ ਵਿੱਚ ਹੋਏ ਇੱਕ ਸਮਾਗਮ ਵਿੱਚ ਕੌਮ ਦੇ ਚੋਟੀ ਦੇ ਪ੍ਰਚਾਰਕਾਂ ਭਾਈ ਰਣਜੀਤ ਸਿੰਘ ਢਡਰੀਆਂ ਵਾਲੇ ਅਤੇ ਭਾਈ ਸਾਹਿਬ ਸਿੰਘ ਸ਼ਾਹਬਾਦ ਮਾਰਕੰਡੇ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਾਲਪਨਿਕ ਤਸਵੀਰ ਭੇਟ ਕਰਨਾ, ਸ਼ਬਦ-ਗੁਰੂ ਦੀ ਪ੍ਰਧਾਨਤਾ ਨੂੰ ਛੱਡ ਕੇ ਤਸਵੀਰ ਪੂਜਾ ਦੇ ਨਿਘਾਰ ਵਿੱਚ ਜਾਣ ਦਾ ਪ੍ਰਤੀਕ ਬਣ ਚੁੱਕਾ ਹੈ।

ਉੱਪਰ ਦਿੱਤੀਆਂ ਉਦਾਹਰਨਾਂ ਕੇਵਲ ਉਹ ਹਨ, ਜੋ ਪਿਛਲੇ ਕੁੱਝ ਸਮੇਂ ਵਿੱਚ ਦੇਖੀਆਂ ਗਈਆਂ ਹਨ ਅਤੇ ਇਹ ਲਿਸਟ ਬਹੁਤ ਲੰਬੀ ਹੈ। ਹਰ ਸਿੱਖ ਨੂੰ ਆਪਣੇ-ਆਪ ਤੋਂ ਸਵਾਲ ਪੁੱਛਣਾ ਚਾਹੀਦਾ ਹੈ ਕਿ ਜੇਕਰ ਅਸੀਂ ਆਪਣਾ ਘਰ ਹੀ ਨਾ ਬਚਾ ਸਕੇ ਤਾਂ ਗੁਰੂ ਤੇਗ ਬਹਾਦਰ ਜੀ ਵੱਲੋਂ ਕਿਸੇ ਦੂਜੇ ਦੇ ਹੱਕਾਂ ਲਈ ਦਿੱਤੀ ਗਈ ਸ਼ਹਾਦਤ ਦੀ ਵਿਰਾਸਤ ਦੇ ਵਾਰਸ ਕਿਵੇਂ ਅਖਵਾ ਸਕਾਂਗੇ? ਐਸੀ ਹਨੇਰਗਰਦੀ ਦੇ ਮਾਹੌਲ ਬਾਰੇ ਗੁਰੂ ਨਾਨਕ ਸਾਹਿਬ ਜੀ ਬਚਨ ਕਰਦੇ ਹਨ:
**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ *(ਪੰਨਾ ੧੪੫)***

ਯਕੀਨਨ! ਅੱਜ ਸਿੱਖ ਦੀ ਹੋਂਦ ਦੀ ਲੜਾਈ ਹੈ ਅਤੇ ਗੁਰੂ ਦੇ ਸਿਧਾਂਤ ਤੋਂ ਸੱਖਣਾ ਹੋ ਕੇ ਬਾਕੀ ਭੇਖ ਹੀ ਰਹਿ ਜਾਂਦਾ ਹੈ। ਸਿੱਖ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਉਸਦੀ ਹੋਂਦ ਕੇਵਲ ਗੁਰੂ ਦੇ ਨਾਲ ਜੁੜੇ ਰਹਿਣ ਨਾਲ ਹੀ ਕਾਇਮ ਰਹਿ ਸਕਦੀ ਹੈ। ਗੁਰ-ਸ਼ਬਦ ਵਿਚਾਰ ਤੋਂ ਟੁੱਟ ਕੇ ਸਿੱਖ ਦੀ ਮੌਤ ਨਿਸ਼ਚਿਤ ਹੈ:
**ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥ (ਪੰਨਾ ੭੫੭)**

ਹਰ ਸਿੱਖ ਦਾ ਗੁਰੂ ਨਾਲ ਸਿੱਧਾ ਸੰਬੰਧ ਹੈ, ਉਸਨੂੰ ਕਿਸੇ ਡੇਰੇਦਾਰ, ਅਖੌਤੀ ਸੰਤ ਜਾਂ ਜਥੇਦਾਰ ਦੀ ਵਿਚੋਲਗੀ ਦੀ ਲੋੜ ਨਹੀਂ। ਹਰ ਸਿੱਖ ਨੂੰ ਆਪ ਸ਼ਬਦ-ਵਿਚਾਰ ਰਾਹੀਂ ਸੱਚ ਤੇ ਝੂਠ ਵਿੱਚ ਫਰਕ ਕਰਨਾ ਚਾਹੀਦਾ ਹੈ। ਜਿਥੇ ਮਨਮੱਤ ਹੁੰਦੀ ਦਿਖਾਈ ਦੇਵੇ, ਆਪਣੀ ਸਮਰੱਥਾ ਅਨੁਸਾਰ ਵਿਰੋਧ ਦਰਜ ਕਰਵਾਉਣਾ ਚਾਹੀਦਾ ਹੈ, ਤਾਂਕਿ ਗੁਰਮਤਿ-ਵਿਰੋਧੀ ਅਨਸਰਾਂ ਨੂੰ ਪਤਾ ਲਗ ਜਾਵੇ ਕਿ ਚਾਹੇ ਉਹਨਾਂ ਕੋਲ ਸਰਕਾਰੀ ਤੰਤਰ ਦੀ ਤਾਕਤ ਹੈ ਪਰ ਸਿੱਖ ਕੋਲ ਸੱਚੇ ਗੁਰੂ ਦਾ ਬਚਨ ਹੈ, ਜੋ ਉਸ ਨੇ ਘੁੱਟ ਕੇ ਆਪਣੇ ਪੱਲੇ ਨਾਲ ਬੰਨ੍ਹ ਲਿਆ ਹੈ:
**ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥**
**ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥ (ਪੰਨਾ ੧੨੦੪)**

ਸਿਧਾਂਤਕ ਪਹਿਰੇਦਾਰੀ ਸਰਬੱਤ ਖ਼ਾਲਸਾ ਜਥੇਬੰਦੀ ਦੇ ਮੁੱਖ ਉਦੇਸ਼ ਵਿੱਚੋਂ ਇੱਕ ਹੈ। ਸਭ ਨੂੰ ਬੇਨਤੀ ਹੈ ਕਿ ਇਸ ਜਥੇਬੰਦੀ ਨਾਲ ਜੁੜੋ ਅਤੇ ਆਪਣੇ ਕੌਮੀ ਮਸਲੇ ਆਪਣੇ ਹੱਥਾਂ ਵਿੱਚ ਲੈ ਕੇ ਆਪ ਹੱਲ ਕਰੋ। **https://sarbatkhalsa.world**

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)